# ਸਿਰੋਲਿਮਸ SIROLIMUS [SI-ROL-IMUS]

- ਇਸ ਨੂੰ ਰੈਪਾਮਿਊਨ® ਨਾਮ ਨਾਲ ਵੀ ਜਾਣਿਆ ਜਾਂਦਾ ਹੈ
- ਇਸ ਦਵਾਈ ਦੀਆਂ ਖਾਣ ਲਈ ਗੋਲੀਆਂ ਅਤੇ ਪੀਣ ਲਈ ਤਰਲ ਉਪਲਬਧ ਹਨ

## ਇਹ ਦਵਾਈ ਕਿਹੋ ਜਿਹੀ ਨਜ਼ਰ ਆਉਂਦੀ ਹੈ? What does the medication look like?

| **ਸਿਰੋਲਿਮਸ 1 ਮਿ.ਗ੍ਰਾਮ ਚਿੱਟੀ ਗੋਲੀ** | **ਸਿਰੋਲਿਮਸ 1 ਮਿ.ਗ੍ਰਾਮ/ਮਿ.ਲਿ. ਪੀਣ ਵਾਲਾ ਘੋਲ** |
|---|---|
|   |   |

## ਇਹ ਦਵਾਈ ਕਿਸ ਲਈ ਹੈ? What is this medication for?

ਸਿਰੋਲਿਮਸ ਦਵਾਈ ਤੁਹਾਡੇ ਸਰੀਰ ਦੇ ਇਮਿਊਨ ਸਿਸਟਮ ਨੂੰ ਹਲਕਾ ਕਰਦੀ ਹੈ ਤਾਂ ਕਿ ਨਵੇਂ ਅੰਗ ਨੂੰ ਰੱਦ ਹੋਣ ਤੋਂ ਰੋਕਿਆ ਜਾ ਸਕੇ। ਇਹ ਦਵਾਈ ਤੁਹਾਡੇ ਖ਼ੂਨ ਦੇ ਚਿੱਟੇ ਕਣਾਂ ਨੂੰ ਕਮਜ਼ੋਰ ਕਰਦੀ ਹੈ ਤਾਂ ਕਿ ਉਹ ਨਵੇਂ ਅੰਗ ਨੂੰ ਨੁਕਸਾਨ ਨਾ ਪਹੁੰਚਾ ਸਕਣ।

## ਮੈਂ ਇਹ ਦਵਾਈ ਕਿਵੇਂ ਲਵਾਂ? How should I take this medication?

ਇਹ ਬੜਾ ਮਹੱਤਵਪੂਰਨ ਹੈ ਕਿ ਦਵਾਈ ਹਰ ਰੋਜ਼ ਨਿਸ਼ਚਿਤ ਸਮੇਂ ਤੇ ਹੀ ਲਈ ਜਾਏ ਤਾਂ ਕਿ ਸਰੀਰ ਵਿਚ ਦਵਾਈ ਸਤਰ ਇਕਸਾਰ ਬਣਿਆ ਰਹੇ।

| | | |
|---|---|---|
| | ਇਹ ਦਵਾਈ ਦਿਨ ਵਿਚ **ਇੱਕ ਵਾਰ** ਲਵੋ<br>(ਮਿਸਾਲ ਲਈ ਰੋਜ਼ 9 ਵਜੇ ਸੁਬ੍ਹਾ) | ਤੁਹਾਡੀ ਦਵਾਈ ਦਾ ਟਾਈਮ: ______________________ |

- ਸਿਰੋਲਿਮਸ ਖਾਣੇ ਦੇ ਨਾਲ ਜਾਂ ਖਾਣੇ ਤੋਂ ਬਿਨਾਂ ਵੀ ਲਈ ਜਾ ਸਕਦੀ ਹੈ। ਖਾਣੇ ਦੇ ਨਾਲ ਲੈਣ ਕਰ ਕੇ ਪੇਟ ਵਿਚ ਗੜ ਬੜ ਘਟ ਹੋਵੇਗੀ। ਇਕਸਾਰ ਰਹੋ ਜੇ ਖਾਣੇ ਦੇ ਨਾਲ ਖਾਂਦੇ ਹੋ ਤਾਂ ਰੋਜ਼ ਖਾਣੇ ਦੇ ਨਾਲ ਖਾਓ; ਜੇ ਖਾਲੀ ਪੇਟ ਖਾਂਦੇ ਹੋ ਤਾਂ ਰੋਜ਼ ਖਾਲੀ ਪੇਟ ਖਾਓ।
- ਗ੍ਰੇਪਫ਼ਰੂਟ, ਗ੍ਰੇਪਫ਼ਰੂਟ ਦਾ ਜੂਸ, ਪੋਮੇਲੋ ਜਾਂ ਸੇਵੀਲ ਸੰਤਰਾ/ਜੂਸ ਦਾ ਇਸ ਦਵਾਈ ਦੌਰਾਨ ਪ੍ਰਹੇਜ਼ ਕਰੋ ਕਿਉਂਕਿ ਇਨ੍ਹਾਂ ਦੀ ਦਵਾਈ ਨਾਲ ਗੰਭੀਰ ਪਰਸਪਰ ਪ੍ਰਕਿਰਿਆ ਹੁੰਦੀ ਹੈ।
- ਜੇ ਕਿਸੇ ਪ੍ਰੋਸੀਜਰ ਜਾਂ ਓਪਰੇਸ਼ਨ ਲਈ ਤੁਸੀਂ ਖਾਲੀ ਪੇਟ ਜਾਣਾ ਹੈ ਤਾਂ ਵੀ ਟ੍ਰਾਂਸਪਲਾਂਟ ਦੀ ਦਵਾਈ ਪਾਣੀ ਦੇ ਘੁੱਟ ਨਾਲ **ਜ਼ਰੂਰ** ਨਿਸ਼ਚਿਤ ਸਮੇਂ ਤੇ ਖਾਓ।

***ਯਾਦ ਰੱਖੋ:*** *ਜੇ ਤੁਹਾਨੂੰ ਸਿਰੋਲਿਮਸ ਦੇ ਕੰਮ ਲਈ ਬੁਲਾਇਆ ਜਾਂਦਾ ਹੈ, ਤਾਂ ਖ਼ੂਨ ਦਾ ਕੰਮ ਹੋਣ ਤੋਂ ਪਹਿਲਾਂ ਸੁਬ੍ਹਾ ਵਾਲੀ ਦਵਾਈ ਦੀ ਖ਼ੁਰਾਕ ਨਾ ਲਵੋ। ਕੋਸ਼ਿਸ਼ ਕਰੋ ਕਿ ਖ਼ੂਨ ਦੇ ਕੰਮ ਦਾ ਸਮਾਂ ਤੁਹਾਡੀ ਦਵਾਈ ਖਾਣ ਦੇ ਸਮੇਂ ਨਾਲ ਹੋਵੇ। ਆਪਣੀ ਦਵਾਈ ਕਲੀਨਿਕ ਜਾਂ ਲੈਬ ਵਿਚ ਨਾਲ ਲੈ ਕੇ ਆਓ ਅਤੇ ਖ਼ੂਨ ਦਾ ਕੰਮ ਖ਼ਤਮ ਹੋਣ ਤੋਂ ਬਾਅਦ ਆਪਣੀ ਦਵਾਈ ਲੈ ਲਵੋ।*

## ਖ਼ੁਰਾਕ ਭੁੱਲ ਗਏ ਜਾਂ ਖ਼ੁਰਾਕ ਉਲਟੀ ਕਰ ਦਿੱਤੀ: Missed Dose or Vomited Dose:

**ਜੇ ਤੁਸੀਂ ਦਵਾਈ ਦੀ ਖ਼ੁਰਾਕ ਲੈਣੀ ਭੁੱਲ ਜਾਓ** ਤਾਂ ਜਦੋਂ ਯਾਦ ਆਵੇ ਲੈ ਲਵੋ ਅਤੇ ਅਗਲੀ ਖ਼ੁਰਾਕ ਆਪਣੇ ਨਿਸ਼ਚਿਤ ਸਮੇਂ ਤੇ ਲੈ ਲਵੋ। ਪਰ ਜੇ ਸਮਾਂ 12 ਘੰਟਿਆਂ ਤੋਂ ਜ਼ਿਆਦਾ ਹੋ ਗਿਆ ਹੈ ਤਾਂ ਇਹ ਖ਼ੁਰਾਕ ਰਹਿਣ ਦਿਓ ਅਤੇ ਅਗਲੀ ਖ਼ੁਰਾਕ ਹੀ ਟਾਈਮ ਸਿਰ ਲਵੋ। ਕਦੀ ਵੀ ਦੁਗਣੀ ਖ਼ੁਰਾਕ ਜਾਂ ਇੱਕ ਫਾਲਤੂ ਖ਼ੁਰਾਕ ਨਾ ਲਵੋ।

ਜੇ ਤੁਸੀਂ ਐਂਟੀ-ਰਿਜੈਕਸ਼ਨ ਦੀ ਖ਼ੁਰਾਕ 1 **ਦਿਨ ਤੋਂ ਜ਼ਿਆਦਾ ਭੁੱਲ ਜਾਓ** ਤਾਂ ਅਗਲੇ ਨਿਰਦੇਸ਼ਾਂ ਲਈ ਟ੍ਰਾਂਸਪਲਾਂਟ ਟੀਮ ਨੂੰ ਤਤਕਾਲ ਸੰਪਰਕ ਕਰੋ।

ਜੇ ਦਵਾਈ ਲੈਣ ਦੇ 30 ਮਿੰਟਾਂ ਅੰਦਰ **ਉਲਟੀ ਕਰ ਦਿਓ** ਜਾਂ ਜੇ ਤੁਸੀਂ ਕੁੱਝ ਦਵਾਈ ਉਲਟੀ ਨਾਲ ਬਾਹਰ ਆਉਂਦੀ ਵੇਖੋ ਤਾਂ ਖ਼ੁਰਾਕ ਦੁਬਾਰਾ ਲਵੋ। ਨਹੀਂ ਤਾਂ ਅਗਲੀ ਖ਼ੁਰਾਕ ਸਮੇਂ ਸਿਰ ਲਵੋ।

## ਇਸ ਦਵਾਈ ਦੇ ਸੰਭਾਵਿਤ ਬੁਰੇ ਪ੍ਰਭਾਵ ਕੀ ਹਨ? What are some possible side effects of this medication?

| ***ਬੁਰੇ ਪ੍ਰਭਾਵ Side Effect*** | **ਇਲਾਜ Management** |
|---|---|
| ***ਕੋਲੈਸਟਰੋਲ ਦਾ ਲੈਵਲ ਉੱਚਾ*** | ਸਿਹਤਮੰਦ ਅਤੇ ਸੰਤੁਲਤ ਖਾਣਾ ਖਾਓ। ਘਟ ਫੈਟ ਅਤੇ ਘਟ ਸ਼ੂਗਰ ਵਾਲੇ ਖਾਣੇ ਖਾਓ। |
| ***ਬਲੱਡ ਪ੍ਰੈਸ਼ਰ ਉੱਚਾ*** | ਆਪਣਾ ਬਲੱਡ ਪ੍ਰੈਸ਼ਰ ਰੈਗੂਲਰਲੀ ਚੈੱਕ ਕਰਦੇ ਰਹੋ। ਤੁਹਾਨੂੰ ਬਲੱਡ ਪ੍ਰੈਸ਼ਰ ਦੀ ਦਵਾਈ ਲੈਣ ਦੀ ਜ਼ਰੂਰਤ ਹੋ ਸਕਦੀ ਹੈ। |
| ***ਸਿਰੋਲਿਮਸ ਖ਼ੂਨ ਵਿਚ ਚਿੱਟੇ ਕਣਾਂ, ਲਾਲ ਕਣਾਂ ਅਤੇ ਪਲੇਟਲੈਸ ਦੀ ਮਾਤਰਾ ਨੂੰ ਘਟ ਕਰ ਸਕਦਾ ਹੈ।***<br><br>***ਤੁਹਾਨੂੰ ਇਨਫ਼ੈਕਸ਼ਨ ਹੋਣ ਦਾ ਅਤੇ ਖ਼ੂਨ ਵੱਗਣ ਦਾ ਜ਼ਿਆਦਾ ਖ਼ਤਰਾ ਹੋ ਸਕਦਾ ਹੈ।*** | ਤੁਹਾਡੇ ਖ਼ੂਨ ਵਿਚ ਕਣਾਂ ਦੀ ਮਾਤਰਾ ਚੈੱਕ ਕਰਨ ਲਈ ਤੁਹਾਡੇ ਖ਼ੂਨ ਤੇ ਰੈਗੂਲਰਲੀ ਕੰਮ ਹੁੰਦਾ ਰਹੇਗਾ।<br>ਆਪਣੇ ਡਾਕਟਰ ਜਾਂ ਟ੍ਰਾਂਸਪਲਾਂਟ ਟੀਮ ਨੂੰ ਦਸੋ:<br>• ਇਨਫੈਕਸ਼ਨ ਦੀਆਂ ਨਿਸ਼ਾਨੀਆਂ (ਬੁਖ਼ਾਰ, ਠੰਢ, ਦਿਲ ਤੇਜ਼ ਧੜਕਣਾ, ਜ਼ੁਕਾਮ ਅਤੇ ਫਲੂ) ਆਪਣੀ ਟ੍ਰਾਂਸਪਲਾਂਟ ਟੀਮ ਨੂੰ ਦਸੋ। ਇਨਫੈਕਸ਼ਨ ਵਾਲੇ ਲੋਕਾਂ ਦੇ ਨਜ਼ਦੀਕੀ ਸੰਪਰਕ ਤੋਂ ਪ੍ਰਹੇਜ਼ ਕਰੋ। ਆਪਣੇ ਹੱਥ ਬਾਰ ਬਾਰ ਧੋਵੋ।<br>• ਖ਼ੂਨ ਵੱਗਣ ਦੀਆਂ ਨਿਸ਼ਾਨੀਆਂ (ਰਗੜਾਂ, ਕਾਲੀ ਟੱਟੀ, ਉਲਟੀ ਵਿਚ ਖ਼ੂਨ ਜਾਂ ਪਿਸ਼ਾਬ ਵਿਚ ਖ਼ੂਨ)<br>• ਖ਼ੂਨ ਵਿਚ ਲਾਲ ਕਣਾਂ ਦੇ ਘਟ ਹੋਣ ਦੀਆਂ ਨਿਸ਼ਾਨੀਆਂ (ਕਮਜ਼ੋਰੀ ਜਾਂ ਥਕੇਵਾਂ, ਬੇਹੋਸ਼ੀ ਹੋਣੀ, ਸਿਰ ਹਲਕਾ ਮਹਿਸੂਸ ਕਰਨਾ) |
| ***ਮੂੰਹ ਵਿਚ ਜ਼ਖ਼ਮ (ਅਲਸਰ)*** | ਆਪਣੇ ਮੂੰਹ ਦੀ ਸਫ਼ਾਈ ਰੱਖੋ। ਦਵਾਈ ਲੈਣ ਤੋਂ ਬਾਅਦ ਚੁਲੀਆਂ ਕਰੋ। ਜੇ ਮੂੰਹ ਵਿਚ ਅਲਸਰ ਹੋਣ ਤਾਂ ਆਪਣੇ ਡਾਕਟਰ ਨੂੰ ਸੰਪਰਕ ਕਰੋ ਤੁਹਾਡੀ ਦਵਾਈ ਸਿਰੋਲਿਮਸ ਘਟ ਕਰਨ ਦੀ ਲੋੜ ਹੋ ਸਕਦੀ ਹੈ। ਮੂੰਹ ਵਿਚੋਂ ਅਲਸਰ ਹਟਾਉਣ ਅਤੇ ਦਰਦ ਘਟ ਕਰਨ ਲਈ ਐਂਟੀ-ਇਨਫਲੇਮੇਟਰੀ ਤਰਲ /ਪੇਸਟ ਦੀ ਸਿਫਾਰਸ਼ ਕੀਤੀ ਜਾ ਸਕਦੀ ਹੈ। |
| ***ਚਮੜੀ ਤੇ ਰੈਸ਼ ਜਾਂ ਮੁਹਾਸੇ*** | ਜੇ ਚਮੜੀ ਤੇ ਰੈਸ਼ ਨਜ਼ਰ ਆਉਣ ਤਾਂ ਤਤਕਾਲ ਡਾਕਟਰ ਨੂੰ ਸੰਪਰਕ ਕਰੋ। |
| ***ਜ਼ਖ਼ਮ ਆਹਿਸਤਾ ਠੀਕ ਹੋਣੇ*** | ਜੇ ਇਹ ਸਮੱਸਿਆ ਬਣ ਜਾਏ ਤਾਂ ਆਪਣੇ ਟ੍ਰਾਂਸਪਲਾਂਟ ਡਾਕਟਰ ਨੂੰ ਦਸੋ। |
| ***ਫੇਫੜਿਆਂ ਦੀ ਸਮੱਸਿਆ*** | ਜੇ ਇਨ੍ਹਾਂ ਵਿਚੋਂ ਕੋਈ ਲੱਛਣ ਨਜ਼ਰ ਆਵੇ ਤਾਂ ਡਾਕਟਰ ਨੂੰ ਇਕ ਦਮ ਸੰਪਰਕ ਕਰੋ: ਸਾਹ ਫੁੱਲਣਾ, ਛਾਤੀ ਵਿਚ ਦਰਦ, ਦੁਖਦਾਈ ਖੰਘ, ਬੁਖ਼ਾਰ ਜੋ ਕਿਸੇ ਹੋਰ ਬਿਮਾਰੀ ਨਾਲ ਸਬੰਧਿਤ ਨਹੀਂ। |
| ***ਕੈਂਸਰ*** | ਇਹ ਦਵਾਈ ਲੈਣ ਨਾਲ ਚਮੜੀ ਅਤੇ ਹੋਰ ਕਿਸਮ ਦੇ ਕੈਂਸਰ ਹੋਣ ਦਾ ਜ਼ਿਆਦਾ ਖ਼ਤਰਾ ਹੋ ਸਕਦਾ ਹੈ। ਕਿਰਪਾ ਕਰ ਕੇ ਆਪਣੀ ਟ੍ਰਾਂਸਪਲਾਂਟ ਟੀਮ ਨੂੰ ਦਸੋ ਜੇ ਤੁਹਾਡੇ ਵਿਚ ਕੈਂਸਰ ਦੀ ਪੁਸ਼ਟੀ ਹੁੰਦੀ ਹੈ। ਹੋਰ ਜ਼ਿਆਦਾ ਜਾਣਕਾਰੀ ਲਈ "ਕੈਂਸਰ ਰਿਸਕ" ਸੈਕਸ਼ਨ ਦੇਖੋ। |